# 16 ਕਲਪਨਾ ਕਰੋ

## ਅਭਿਨੈ-2 ਦ੍ਰਿਸ਼-3 ਸਥਿਤੀਗਤ ਧਾਰਨਾਵਾਂ

0337CH16

### ਗਤੀਵਿਧੀ 7

### ਜਾਦੂਈ ਟੋਆ (ਸਥਿਤੀ)

ਆਓ, ਆਪਾਂ ਇੱਕ ਘੇਰੇ ਵਿੱਚ ਬੈਠੀਏ। ਇਸ ਤੋਂ ਬਾਅਦ ਅਸੀਂ ਗਿਣਤੀ ਕਰਾਂਗੇ। ਅਧਿਆਪਕ ਇੱਕ ਨੰਬਰ ਬੋਲਗਾ। ਜਦੋਂ ਤੁਹਾਡਾ ਨੰਬਰ ਬੋਲਿਆ ਜਾਵੇ। ਤੁਸੀਂ ਘੇਰੇ ਦੇ ਵਿਚਕਾਰ ਜਾਓ, ਜਿੱਥੇ ਇੱਕ ਅਦਿੱਖ ਜਾਦੂਈ ਟੋਆ ਹੈ। ਪਹਿਲਾਂ ਵਾਂਗ ਕਿਸੇ ਵਸਤੂ ਨੂੰ ਚੁਣਨ ਦੀ ਬਜਾਏ, ਤੁਸੀਂ ਕਿਸੇ ਸਥਿਤੀ ਵਿੱਚ ਛਾਲ ਮਾਰਦੇ ਹੋ ਅਤੇ ਇਸ ਤਰ੍ਹਾਂ ਅਭਿਨੈ ਕਰਦੇ ਹੋ ਜਿਵੇਂ ਤੁਸੀਂ ਸਥਿਤੀ ਦਾ ਹਿੱਸਾ ਹੋਵੋ। ਘੇਰੇ ਵਿੱਚ ਬੈਠੇ ਦੂਜੇ ਬੱਚੇ ਤੁਹਾਡੀ ਵਸਤੂ ਦਾ ਅੰਦਾਜ਼ਾ ਲਗਾਉਣਗੇ। ਦ੍ਰਿਸ਼ ਪੇਸ਼ਕਾਰੀ ਕਰਦੇ ਸਮੇਂ ਆਪਸ ਵਿੱਚ ਗੱਲ ਕਰਨ ਦੀ ਮਨਾਹੀ ਹੈ।

**ਸੁਝਾਅ**

ਜਦੋਂ ਕਈ ਕਿਰਿਆਵਾਂ ਨੂੰ ਇਕੱਠਿਆਂ ਕੀਤਾ ਜਾਂਦਾ ਹੈ, ਤਾਂ ਪਰਿਸਥਿਤੀਆਂ ਬਣਦੀਆਂ ਹਨ।

**ਮੁੱਢਲਾ**

ਤਿਆਰ ਹੋ ਕੇ ਸਕੂਲ ਆਉਣਾ, ਡਿੱਗਣਾ ਅਤੇ ਡਾਕਟਰ ਕੋਲ ਜਾਣਾ।

**ਵਿਕਸਿਤ**

ਦੋ ਵਿਦਿਆਰਥੀ ਇੱਕ ਸਥਿਤੀ ਦੀ ਪੇਸ਼ਕਾਰੀ ਕਰਦੇ ਹਨ। ਜਿਸ ਵਿੱਚੋ ਇੱਕ ਵਿਦਿਆਰਥੀ ਸਥਿਤੀ ਦੀ ਸ਼ੁਰੂਆਤ ਕਰਦਾ ਹੈ। ਦੂਜਾ ਵਿਦਿਆਰਥੀ ਸਥਿਤੀ ਵਿੱਚ ਵਾਧਾ ਕਰਦਾ ਹੈ। ਉਦਾਹਰਨ ਦੇ ਲਈ, ਹੇਠਾਂ ਡਿੱਗਣਾ ਅਤੇ ਡਾਕਟਰ ਕੋਲ ਜਾਣਾ। ਇੱਥੇ, ਇੱਕ ਮਰੀਜ਼ ਹੈ ਅਤੇ ਦੂਜਾ ਡਾਕਟਰ ਹੈ।

**ਆਓ, ਆਪਣੀ ਪਹਿਚਾਣ ਭੁਲਾ ਕੇ ਇੱਕ ਨਵਾਂ ਇਨਸਾਨ ਬਣਿਏ ਦਿਲਚਸਪ ਸਥਿਤੀਆਂ ਦਾ ਹਿੱਸਾ ਬਣਕੇ ਇੱਕ ਨਵੀਂ ਦੁਨੀਆ ਬਣਾਈਏ! ਇਹ ਕਿਵੇਂ ਹੁੰਦਾ ਹੈ ? ਤੁਹਾਡੇ ਦਿਮਾਗ ਰਾਹੀਂ! ਜੋ ਤੁਸੀਂ ਸੋਚਦੇ ਹੋ ਉਹ ਹਕੀਕਤ ਬਣ ਜਾਂਦੀ ਹੈ!**



**ਤੁਸੀਂ ਸਿੱਖੋਗੇ**

ਸਰੀਰਕ ਭਾਸ਼ਾ, ਵਿਆਖਿਆ, ਰਚਨਾਤਮਾਕਤਾ ਦੁਆਰਾ ਸੰਚਾਰ ਕਲਪਨਾ ਅਤੇ ਸੁਣਨ ਦੀ ਸ਼ਕਤੀ ਵਿੱਚ ਅੰਤਰ।

© NCERT not to be republished

### ਵਿਚਾਰ ਚਰਚਾ ਅਤੇ ਸੁਝਾਵ

- ਕੀ ਤੁਸੀਂ ਹੁਣ ਸਥਿਤੀਆਂ ਬਣਾ ਸਕਦੇ ਹੋ, ਜੇ ਨਹੀਂ ਤੇ ਕਿਉ ਨਹੀ?
- ਕੀ ਸਥਿਤੀਆਂ ਤੁਹਾਡੇ ਅਨੁਭਵ ਨਾਲ ਸੰਬਧਿਤ ਸਨ (ਦੇਖੀ ਗਈ ਜਾਂ ਵਾਪਰੀ ਹੋਈ) ਜਾਂ ਕਲਪਨਾ ਕੀਤੀਆਂ ਗਈਆਂ ਸਨ?
- ਕੀ ਤੁਸੀਂ ਹੋਰ ਪਾਠ ਪੁਸਤਕਾਂ ਤੋਂ ਪ੍ਰੇਰਿਤ ਹੋ ਕੇ ਸਥਿਤੀਆਂ ਬਣਾ ਸਕਦੇ ਹੋ?

### ਘੇਰੇ ਸਮੇਂ ਦੀਆਂ ਟਿੱਪਣੀਆਂ






ਹੁਣ ਤੁਸੀਂ ਸਮਝ ਸਕਦੇ ਹੋ ਕਿ ਕਿਰਿਆ (ਸਰੀਰਕ ਭਾਸ਼ਾ) ਅਤੇ ਹਾਵ-ਭਾਵ ਦੀ ਪੇਸ਼ਕਾਰੀ ਨਾਲ ਸੰਚਾਰ ਨੂੰ ਬਹਿਤਰ ਬਣਾਇਆ ਜਾ ਸਕਦਾ ਹੈ। ਇਸ ਦੇ ਲਈ ਰਚਨਾਤਮਕਤਾ ਅਤੇ ਕਲਪਨਾ ਦੀ ਲੋੜ ਹੁੰਦੀ ਹੈ। ਹੁਣ ਤੁਸੀਂ ਉਹ ਸ਼ਬਦਾਂ ਨੂੰ ਵੀ ਸਮਝ ਸਕਦੇ ਹੋ ਜੋ ਰੰਗਮੰਚ ਦਾ ਮੂਲ ਤੱਤ ਹਨ ਭਾਵ ਤੁਹਾਡੇ ਅੰਦਰ ਹੁਨਰ ਦਾ ਵਿਕਾਸ ਹੋ ਰਿਹਾ ਹੈ।



**ਇਨ੍ਹਾਂ ਦੋਵਾਂ ਸਥਿਤੀਆਂ ਵਿੱਚ ਕੀ ਹੋ ਰਿਹਾ ਹੈ?**

**ਸਰੀਰਕ ਭਾਸ਼ਾ ਅਤੇ ਹਾਵ-ਭਾਵ ਦੀ ਕਿਰਿਆ ਨੂੰ ਚਿੱਤਰ ਵਿੱਚ ਵੇਖ ਕੇ ਸਮਝੋ ਅਤੇ ਸਮਝਾਓ।**



© NCERT not to be republished

## ਗਤੀਵਿਧੀ 8 ਵਸਤੂ ਵਿਚ ਸੁਧਾਰ ਕਰਨਾ



**ਨਿਰਦੇਸ਼**- ਅਧਿਆਪਕ ਇੱਕ ਬੱਚੇ ਨੂੰ ਬੁਲਾਉਂਦਾ ਹੈ। ਉਸ ਨੂੰ ਇੱਕ ਵਸਤੂ (ਰੋਜ਼ਾਨਾ ਜਮਾਤ ਦੀਆਂ ਵਸਤੂ ਜਿਵੇਂ ਕਿ ਪੈੱਨ, ਡਸਟਰ, ਚਾਕ ਦਾ ਟੁਕੜਾ, ਆਦਿ) ਦਿੰਦਾ ਹੈ। ਅਧਿਆਪਕ ਦੁਆਰਾ ਦਿੱਤੀ ਗਈ ਵਸਤੂ ਨੂੰ ਵਿਦਿਆਰਥੀ ਵੱਲੋਂ ਉਸਦੇ ਮੂਲ ਕਾਰਜ ਤੋਂ ਇਲਾਵਾ ਕਿਸੇ ਹੋਰ ਵਸਤੂ ਦੇ ਰੂਪ ਵਿੱਚ ਵਰਤਿਆ ਜਾਣਾ ਚਾਹੀਦਾ ਹੈ। ਦੂਸਰੇ ਬੱਚੇ ਕਲਪਨਾ ਕੀਤੀ ਵਸਤੂ ਦਾ ਅੰਦਾਜ਼ਾ ਲਗਾਉਣ। ਫਿਰ ਉਹੀ ਵਸਤੂ ਅਧਿਆਪਕ ਵੱਲੋਂ ਅਗਲੇ ਬੱਚੇ ਨੂੰ ਦਿੱਤੀ ਜਾਂਦੀ ਹੈ। ਅਗਲਾ ਬੱਚਾ ਦਿੱਤੀ ਗਈ ਵਸਤੂ ਨੂੰ ਕਿਸੇ ਵੱਖਰੀ ਵਸਤੂ ਵਜੋਂ ਵਰਤਦਾ ਹੈ ਅਤੇ ਬਾਕਿ ਦੂਸਰੇ ਬੱਚੇ ਅੰਦਾਜ਼ਾ ਲਗਾਉਂਦੇ ਹਨ। (ਤੁਸੀਂ ਉਸ ਚੀਜ਼ ਨੂੰ ਦੁਹਰਾ ਨਹੀਂ ਸਕਦੇ ਜੋ ਦੂਜਿਆਂ ਨੇ ਪਹਿਲਾਂ ਹੀ ਕੀਤਾ ਹੈ)।

**ਯਾਦ ਰੱਖੋ** - ਅਭਿਨੈ ਕੀਤੀ ਗਈ ਵਸਤੂ ਦਾ ਆਕਾਰ ਮੂਲ ਵਸਤੂ ਨਾਲ ਮਿਲਦਾ-ਜੁਲਦਾ ਹੋਣਾ ਚਾਹੀਦਾ ਹੈ। ਉਦਾਹਰਨ ਲਈ, ਇੱਕ ਪੈੱਨ ਨੂੰ ਟੂਥਬ੍ਰਸ਼ ਜਾਂ ਕੰਘੀ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ ਕਿਉਂਕਿ ਇਹਨਾਂ ਦਾ ਆਕਾਰ ਸਮਾਨ ਹੈ। ਇਸ ਦੀ ਵਰਤੋਂ ਕਿਤਾਬ, ਹੈਲਮੇਟ ਜਾਂ ਬੂਟ ਆਦਿ ਦੇ ਰੂਪ ਵਿੱਚ ਨਹੀਂ ਦਰਸਾਈ ਜਾ ਸਕਦੀ ਕਿਉਂਕਿ ਇਹ ਵਸਤੂਆਂ ਆਕਾਰ ਵਿੱਚ ਬਹੁਤ ਵੱਖਰੀਆਂ ਹਨ।

ਇਹ ਕੁੜੀ ਬੋਤਲ ਦੀ ਕਿਸ ਪ੍ਰਕਾਰ ਵਰਤੋਂ ਕਰ ਰਹੀ ਹੈ?

______________________

______________________

______________________



ਇਹ ਮੁੰਡਾ ਪੈਨਸਿਲ ਦੀ ਵਰਤੋਂ ਕਿਸ ਤਰ੍ਹਾਂ ਕਰ ਰਿਹਾ ਹੈ:

______________________

______________________

______________________

**ਸੁਝਾਅ:** ਹਾਵ-ਭਾਵ ਦੀ ਸਰੀਰਕ ਭਾਸ਼ਾ ਜਾਂ ਸਰੀਰਕ ਕਿਰਿਆ ਨਾਲ ਸੰਚਾਰ ਨੂੰ ਬਹਿਤਰ ਬਣਾਇਆ ਜਾ ਸਕਦਾ ਹੈ।

**ਮੁੱਢਲਾ**

ਪੈੱਨ, ਚਾਕ, ਡਸਟਰ, ਅਤੇ ਹੋਰ ਕਲਾਸਰੂਮ ਦੀਆਂ ਵਸਤੂਆਂ।

**ਵਿਕਸਿਤ**

ਕਿਤਾਬ, ਬੈਗ, ਜਾਂ ਕੋਈ ਅਜਿਹੀ ਚੀਜ਼ ਜੋ ਮੁੱਢਲਾ ਦੀਆਂ ਵਸਤੂਆਂ ਨਾਲੋਂ ਵੱਡੀਆਂ ਹਨ।

© NCERT not to be republished

## ਵਿਚਾਰ ਚਰਚਾ ਅਤੇ ਸੁਝਾਵ

- ਤੁਹਾਨੂੰ ਗਤੀਵਿਧੀ ਦੇ ਕਿਹੜੇ ਭਾਗ ਵਿੱਚ ਸਭ ਤੋਂ ਵੱਧ ਮਜ਼ਾ ਆਇਆ ਅਤੇ ਕਿਉਂ?
- ਕਿਸੀ ਵਸਤੂ ਦੀ ਦੁਬਾਰਾ ਵਰਤੋਂ ਕਰਨ ਦੀ ਕਲਪਨਾ ਕਰਨਾ ਆਸਾਨ ਸੀ ਜਾਂ ਮੁਸ਼ਕਲ?
- ਤੁਸੀਂ ਕਿੰਨੀਆਂ ਵਸਤੂਆਂ ਦਾ ਸਹੀ ਅੰਦਾਜ਼ਾ ਲਗਾਇਆ?
- ਤੁਸੀਂ ਗਤੀਵਿਧੀ ਵਿੱਚ ਕਿਹੜੀ ਨਵੀਂ ਚੀਜ਼ ਸ਼ਾਮਿਲ ਕਰੋਗੇ?

## ਘੇਰੇ ਸਮੇਂ ਦੀਆਂ ਟਿੱਪਣੀਆਂ






ਅਭਿਆਸ ਦੇ ਲਈ



**ਵਸਤੂ- ਪੈਨਸਿਲ ਦਾ ਡਿੱਬਾ**

ਲੈਪਟਾਪ

ਖਜ਼ਾਨੇ ਦਾ **ਡਿੱਬਾ**

ਦਰਵਾਜਾ ਖੋਲ੍ਹਣਾ



**ਵਸਤੂ- ਰੁਮਾਲ**



**ਵਸਤੂ- ਪਾਣੀ ਦੀ ਬੋਤਲ**

© NCERT not to be republished

## ਦ੍ਰਿਸ਼-4 ਧੁਨੀ ਦਾ ਅਨੁਭਵ

**ਲੋੜਾਂ** - ਬੁਨਿਆਦੀ ਲੋਕ ਯੰਤਰ- ਚਮਟੇ, ਡ੍ਰਮ, ਘੰਟੀਆਂ ਦਾ ਰਿਕਾਰਡ ਕੀਤਾ ਸੰਗੀਤ (ਕੋਈ ਸਵਰ ਜਾਂ ਗਾਣੇ ਦੀ ਵਰਤੋਂ ਨਹੀ ਕੀਤੀ ਜਾਣੀ ਚਾਹੀਦੀ ਹੈ)

**ਨਿਰਦੇਸ਼**- ਅਧਿਆਪਕ ਇੱਕ ਧੁਨੀ ਵਜਾਏਗਾ। ਵਿਦਿਆਰਥੀ ਆਪਣੀਆਂ ਅੱਖਾਂ ਬੰਦ ਕਰਕੇ ਉਸ ਧੁਨੀ ਨੂੰ ਧਿਆਨ ਨਾਲ ਸੁਣਨਗੇ।

ਜੋ ਧੁਨੀਆਂ ਤੁਸੀਂ ਸੁਣ ਰਹੇ ਹੋ ਉਸ ਨੂੰ ਮਹਿਸੂਸ ਕਰੋ। ਤੁਹਾਡੇ ਦਿਮਾਗ ਵਿੱਚ ਕਿਹੜੀਆਂ ਤਸਵੀਰਾਂ ਜਾਂ ਦ੍ਰਿਸ਼ ਆ ਰਹੇ ਹਨ? ਹੁਣ, ਤੁਸੀਂ ਆਪਣੀਆਂ ਅੱਖਾਂ ਖੋਲ੍ਹੋ ਅਤੇ ਉਨ੍ਹਾਂ ਦੇ ਰਚਨਾਤਮਕ ਤਰੀਕੇ ਨਾਲ ਜਵਾਬ ਦਿਓ। (ਡਾਂਸ ਕਰੋ, ਕਿਸੇ ਪ੍ਰਕਾਰ ਦੀ ਹਿਲ-ਡੁਲ ਕਰੋ, ਕੋਈ ਪ੍ਰਤੀਕਿਰਿਆ ਕਰੋ, ਗੱਲ ਨਾ ਕਰਨਾ)

ਹੁਣ ਅਸੀਂ ਅਗਲੇ ਪੜਾਅ ਧੁਨੀ ’ਤੇ ਪਹੁੰਚ ਗਏ ਹਾਂ। ਧੁਨੀ ਵਿੱਚ ਵਿਚਾਰਾਂ ਅਤੇ ਭਾਵਨਾਵਾਂ ਨੂੰ ਸਾਹਮਣੇ ਲੈ ਕੇ ਆਉਣ ਦਾ ਗੁਣ ਹੁੰਦਾ ਹੈ। ਜਦੋਂ ਤੁਸੀਂ ਪੰਛੀਆਂ ਦੇ ਚਹਿਚਾਉਣ ਦੀ ਆਵਾਜ਼ ਸੁਣਦੇ ਹੋ ਤਾਂ ਤੁਸੀਂ ਕਿਵੇਂ ਮਹਿਸੂਸ ਕਰਦੇ ਹੋ? ਕੀ ਤੁਹਾਡੇ ਕੋਲ ਕਿਸੇ ਵਗਦੀ ਨਦੀ ਜਾਂ ਸਮੁੰਦਰ ਦੀਆਂ ਲਹਿਰਾਂ ਦੀ ਆਵਾਜ਼ ਸੁਣਨ ਦਾ ਅਨੁਭਵ ਹੈ? ਲੋਕਾਂ ਲਈ ਹਰੇਕ ਆਵਾਜ਼ ਦਾ ਵੱਖਰਾ ਮਤਲਬ ਹੋ ਸਕਦਾ ਹੈ। ਆਓ, ਦੇਖੀਏ ਤੁਸੀਂ ਜੋ ਸੁਣਦੇ ਹੋ ਉਸਦਾ ਕੀ ਅਰਥ ਹੋ ਸਕਦਾ ਹੈ। ਮੈਨੂੰ ਦੱਸੋ ਕਿ ਕੋਈ ਧੁਨੀ ਤੁਹਾਨੂੰ ਕੀ ਸੰਕੇਤ ਦੇ ਰਹੀ ਹੈ।



### ਗਤੀਵਿਧੀ 9 ਆਵਾਜ਼ ਵਿੱਚ ਸੁਧਾਰ

**ਮੁੱਢਲਾ**

ਸਥਾਨਕ ਡੋਲਾਂ ਦੀ ਲੈਅ, ਮੂੰਹ ਤੋਂ ਬਜਣ ਵਾਲੀ ਸੀਟੀ ਦੀ ਧੁਨ ਆਦਿ। ਅਲੱਗ-ਅਲੱਗ ਮਨੋਦਸ਼ਾਵਾਂ ਅਤੇ ਭਾਵਨਾਵਾਂ ਨੂੰ ਪ੍ਰਸਤੁਤ ਕਰਨ ਲਈ ਸਿਤਾਰ, ਬਾਂਸੁਰੀ, ਵਾਇਲਿਨ ਆਦਿ ਦੁਆਰਾ ਰਿਕਾਰਡ ਕੀਤੇ ਗਏ ਸੰਗੀਤ ਦੀ ਵਰਤੋਂ ਕੀਤੀ ਜਾ ਸਕਦੀ ਹੈ।।

**ਵਿਕਸਿਤ**

ਪਹਿਲੀ ਗਤਿਵਿਧੀ ਵਿਅਕਤੀਗਤ ਹੈ ਪਰੰਤੂ ਇੱਥੇ ਪ੍ਰਤਿਕ੍ਰਿਆਵਾਂ ਸਮੂਹ ਵਿੱਚ ਦਰਸਾਈਆਂ ਜਾਣੀਆਂ ਹਨ। ਤੁਸੀਂ ਜੋ ਧੁਨੀਆਂ ਸੁਣਦੇ ਹੋ ਉਸ ਮਨੋਦਸ਼ਾ ਲਈ ਇੱਕ ਸਧਾਰਣ ਦ੍ਰਿਸ਼ ਬਣਾਉਂਦੇ ਹੋ। ਉਦਾਹਰਨ ਦੇ ਲਈ ਤਿਉਹਾਰ ਨੂੰ ਮਨਾਉਣ ਲਈ ਇੱਕ ਲਾਈਵ ਸੰਗੀਤ ਬਾਰੇ ਸੋਚਿਆ ਜਾ ਸਕਦਾ ਹੈ, ਢੋਲ ਦੀ ਡੂੰਘੀ ਧੁਨੀ ਨੂੰ ਰਹਿਸਮਈ ਦ੍ਰਿਸ਼ ਦੇ ਰੂਪ ਵਿੱਚ ਦਰਸਾਇਆ ਜਾ ਸਕਦਾ ਹੈ।



© NCERT not to be republished

## ਵਿਚਾਰ ਚਰਚਾ ਅਤੇ ਸੁਝਾਵ

- ਕੀ ਆਵਾਜਾਂ ਤੁਹਾਨੂੰ ਕੁਦਰਤੀ ਤੌਰ 'ਤੇ ਅੱਗੇ ਵਧਣ ਲਈ ਪ੍ਰੇਰਿਤ ਕਰਦੀਆਂ ਹਨ?
- ਕੀ ਤੁਹਾਨੂੰ ਆਵਾਜ਼ਾਂ ਦੇ ਅਨੁਸਾਰ ਚੱਲਣਾ ਆਸਾਨ ਲੱਗਦਾ ਹੈ ਜਾਂ ਇਹ ਮੁਸ਼ਕਲ ਹੈ?
- ਕੀ ਤੁਸੀਂ ਜਮਾਤ ਵਿੱਚ ਕਿਸੇ ਵਸਤੂ ਦੀ ਵਰਤੋਂ ਕਰਕੇ ਕੋਈ ਧੁਨੀ ਬਣਾ ਸਕਦੇ ਹੋ?
- ਤੁਸੀਂ ਆਪਣੇ ਬਾਰੇ ਨਵਾਂ ਕੀ ਸਿੱਖਿਆ ?

## ਘੇਰੇ ਸਮੇਂ ਦੀਆਂ ਟਿੱਪਣੀਆਂ

ਹੁਣ ਤੱਕ ਤੁਸੀਂ ਆਵਾਜ਼ਾਂ ਨੂੰ ਕਈ ਵਾਰ ਸੁਣਿਆ ਹੈ ਪਰ ਤੁਸੀਂ ਇਸ ਦਾ ਕੋਈ ਅਰਥ ਦੇਖਿਆ ਜਾਂ ਸਮਝਿਆ ਨਹੀਂ। ਹੁਣ ਤੱਕ ਅਸੀਂ ਜੋ ਕੀਤਾ ਹੈ, ਉਸਨੂੰ ਸੁਣਨਾ ਕਿਹਾ ਜਾਂਦਾ ਹੈ। ਪਰ ਇਹ ਆਮ ਸੁਣਨ ਸ਼ਕਤੀ ਤੋਂ ਵੱਖਰਾ ਹੈ। ਜਦੋਂ ਤੁਸੀਂ ਕਿਸੀ ਧੁਨੀ ਜਾਂ ਬੋਲੇ ਗਏ ਸ਼ਬਦਾਂ ਨੂੰ ਸਮਝਦੇ, ਗ੍ਰਹਿਣ ਕਰਦੇ ਹੋਏ ਨਾਲ-ਨਾਲ ਉਸ ਦੀ ਉਚਿਤ ਪ੍ਰਤਿਕਿਰਿਆ ਦਿੰਦੇ ਹੋ। ਉਸਨੂੰ 'ਧਿਆਨ ਨਾਲ ਸੁਣਨਾ' ਕਿਹਾ ਜਾ ਸਕਦਾ ਹੈ। ਜਿਵੇਂ ਤੁਸੀਂ ਜਮਾਤ ਵਿੱਚ ਹਰ ਰੋਜ਼ ਬਹੁਤ ਸਾਰੀਆਂ ਆਵਾਜ਼ਾਂ ਸੁਣਦੇ ਹੋ। ਪਰ ਜਦੋਂ ਤੁਹਾਡਾ ਅਧਿਆਪਕ ਬੋਲਦਾ ਹੈ ਤਾਂ ਤੁਸੀਂ 'ਧਿਆਨ ਨਾਲ ਸੁਣਦੇ' ਹੋ।










ਕੀ ਇਹ ਹੈਰਾਨੀਜਨਕ ਨਹੀਂ! ਕਿ ਅਸੀਂ ਬੋਲੀ ਜਾਂ ਭਾਸ਼ਾ ਦੀ ਵਰਤੋਂ ਕੀਤੇ ਬਿਨਾਂ ਸੰਚਾਰ ਨਾਲ ਸਬੰਧਿਤ ਗਤੀਵਿਧੀਆਂ ਕਰ ਰਹੇ ਹਾਂ। ਆਮ ਤੌਰ 'ਉੱਤੇ ਅਸੀਂ ਬੋਲਣ ਨੂੰ ਹੀ ਸੰਚਾਰ ਸਮਝ ਲੈਂਦੇ ਹਾਂ। ਇਥੋਂ ਤੱਕ ਕਿ ਅਸੀਂ ਕਹਾਣੀਆਂ ਦੀ ਪੇਸ਼ਕਾਰੀ ਕਰਦੇ ਸਮੇਂ ਵੀ ਆਪਣੇ ਚਿਹਰੇ, ਸਰੀਰ ਅਤੇ ਆਵਾਜ਼ ਦੀ ਵਰਤੋਂ ਕਰਦੇ ਹਾਂ। ਕੀ ਸਾਨੂੰ ਭਾਸ਼ਾ ਦੀ ਲੋੜ ਹੈ? ਇਸ ਬਾਰੇ ਸੋਚੋ। ਚਲੋ ਹੁਣ ਅਸੀਂ ਭਾਸ਼ਾ ਦਾ ਇਸਤੇਮਾਲ ਕਰੀਏ।

© NCERT not to be republished